a2zpapers.com

Exam Code : 113502
Subject Code : 3807

# Bachelor of Vocation (Cosmetology & Wellness) - 2nd Sem.

(2519)

## Paper-II (i) Punjabi Compulsory

**Time allowed: 3 hrs.** **Max. Marks: 50**

ਨੋਟ : ਵਿਦਿਆਰਥੀ ਨੇ ਕੁੱਲ ਪੰਜ ਪ੍ਰਸ਼ਨ ਕਰਨੇ ਹਨ। ਹਰ ਭਾਗ ਵਿਚੋਂ ਇਕ ਪ੍ਰਸ਼ਨ ਲਾਜ਼ਮੀ ਹੈ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਅੰਕ ਬਰਾਬਰ ਹਨ।

ਸੈਕਸ਼ਨ-ਏ

ਪ੍ਰਸ਼ਨ 1. ਕਹਾਣੀਕਾਰ ਬਾਰੇ ਦੱਸਦੇ ਹੋਏ 'ਗੁਟਾਰ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

ਜਾਂ

ਪ੍ਰਸ਼ਨ 2. 'ਮਾੜਾ ਬੰਦਾ' ਕਹਾਣੀ ਦਾ ਕੇਂਦਰੀ ਭਾਵ ਅਤੇ ਸਾਰ ਲਿਖੋ।

ਸੈਕਸ਼ਨ-ਬੀ

ਪ੍ਰਸ਼ਨ 3. 'ਨਾਭਾ ਮੋਰਚਾ' ਸੰਸਮਰਣ ਦਾ ਵਿਸ਼ਾ ਕੀ ਹੈ ? ਵਿਚਾਰ ਕਰੋ।

ਜਾਂ

ਪ੍ਰਸ਼ਨ 4. ਪ੍ਰੋ ਪੂਰਨ ਸਿੰਘ ਨੇ 'ਕੋਬੇ-ਜਾਪਾਨ ਦੇ ਪਹਿਲੇ ਪ੍ਰਭਾਵ' ਸੰਸਮਰਣ ਵਿਚ ਜੋ ਵਿਚਾਰ ਪੇਸ਼ ਕੀਤੇ ਹਨ, ਉਨ੍ਹਾਂ ਨੂੰ ਸੰਖੇਪ ਕਰ ਕੇ ਲਿਖੋ।

ਸੈਕਸ਼ਨ -ਸੀ

ਪ੍ਰਸ਼ਨ 5. ਪਿਛੇਤਰ ਦੀ ਪਰਿਭਾਸ਼ਾ ਦੇ ਕੇ ਇਸ ਦੇ ਵੱਖ ਵੱਖ ਰੂਪਾਂ ਦਾ ਵਿਸਤਾਰ ਸਹਿਤ ਵਰਣਨ ਕਰੋ।

ਜਾਂ

ਪ੍ਰਸ਼ਨ 6. ਵਿਸ਼ੇਸ਼ਣ ਦੀ ਪਰਿਭਾਸ਼ਾ ਦੇ ਕੇ ਉਦਾਹਰਣਾਂ ਸਹਿਤ ਇਹ ਵੀ ਦੱਸੋ ਕਿ ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ

ਸੈਕਸ਼ਨ-ਡੀ

ਪ੍ਰਸ਼ਨ 7. ਹੇਠ ਲਿਖੇ ਪੈਰੇ ਦੀ ਇਕ ਤਿਹਾਈ ਸ਼ਬਦਾਂ ਵਿਚ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ।

ਇਸ ਵਿੱਚ ਸ਼ੱਕ ਨਹੀਂ ਕਿ ਨਸ਼ੀਲੇ ਪਦਾਰਥਾਂ ਦਾ ਇਸਤੇਮਾਲ ਦੁਨੀਆ ਭਰ ਵਿੱਚ ਇਨਸਾਨੀ ਸਿਹਤ ਅਤੇ ਸਮਾਜ ਲਈ ਇੱਕ ਗੰਭੀਰ ਚੁਣੌਤੀ ਦਾ ਰੂਪ ਧਾਰਨ ਕਰ ਚੁੱਕਾ ਹੈ। ਅਜੋਕੀ ਤੇਜ਼ ਰਫਤਾਰ ਜ਼ਿੰਦਗੀ ਇਨਸਾਨ ਕੋਲੋਂ ਹਰ ਖੇਤਰ ਵਿਚ ਤੇਜ਼ ਰਫਤਾਰੀ ਦੀ ਮੰਗ ਕਰਦੀ ਹੈ, ਜਿਸ ਕਰਕੇ ਸਹਿਜ ਜੀਵਨ ਜਿਊਣ ਲਈ ਵੀ ਇਨਸਾਨ ਨੂੰ ਸੰਘਰਸ਼ ਦੀ ਹਾਲਤ ਵਿਚ ਰਹਿਣਾ ਪੈਂਦਾ ਹੈ। ਹਰ ਖੇਤਰ ਵਿਚ ਮੁਕਾਬਲੇਬਾਜ਼ੀ ਅਤੇ ਜਿਆਦਾ ਤੋਂ ਜਿਆਦਾ ਪੂੰਜੀ ਤੇ ਪਦਾਰਥ ਸੁਖ ਜਮ੍ਹਾਂ ਕਰਨ ਦੀ ਦੌੜ ਨੇ ਜ਼ਿੰਦਗੀ ਨੂੰ ਮਸ਼ੀਨੀ ਪੱਧਰ ਉੱਤੇ ਲੈ ਆਂਦਾ ਹੈ। ਮਾਨਸਿਕ ਅਤੇ ਆਤਮਿਕ ਪੱਧਰ ਉੱਤੇ ਇਨਸਾਨ ਭੌਤਿਕ ਵਾਤਾਵਰਣ ਨਾਲ ਤਾਲਮੇਲ ਰੱਖਣ ਵਿੱਚ ਨਾਕਾਮਯਾਬ ਹੋ ਰਿਹਾ ਹੈ। ਆਮ ਆਦਮੀ ਦਾ ਜ਼ਿਆਦਾ ਸਮਾਂ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ ਹੀ ਲੱਗ ਜਾਂਦਾ ਹੈ, ਜਿਸ ਕਰਕੇ ਉਸ ਦੀਆਂ ਸਮਾਜਿਕ, ਮਾਨਸਿਕ ਅਤੇ ਆਤਮਿਕ ਲੋੜਾਂ ਅਧੂਰੀਆਂ ਰਹਿ ਜਾਂਦੀਆਂ ਹਨ। ਇਸ ਨਾਲ ਜ਼ਿੰਦਗੀ ਵਿੱਚ ਇਕ ਖਲਾਅ ਪੈਦਾ ਹੋ ਜਾਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਮਾਨਸਿਕ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਨਸ਼ਾ ਪ੍ਰਵਿਰਤੀ ਵੀ ਇਸੇ ਖਲਾਅ ਨੂੰ ਪੂਰਿਆਂ ਕਰਨ ਦੇ ਯਤਨ ਵਜੋਂ ਹੀ ਸ਼ੁਰੂ ਹੁੰਦੀ ਹੈ। ਭੌਤਿਕ ਤੌਰ ਉੱਤੇ ਆਵਾਜਾਈ ਤੇ ਸੰਚਾਰ ਦੇ ਸਾਧਨਾਂ ਵਗੈਰਾ ਦੀ ਬਦੌਲਤ ਬੇਸ਼ਕ ਬਾਹਰੀ ਫਾਸਲੇ ਘਟੇ ਹਨ, ਪਰ ਸਮਾਜਿਕ, ਮਾਨਸਿਕ ਤੇ ਆਤਮਿਕ ਤੌਰ ਤੇ ਇਨਸਾਨ ਤੇ ਇਨਸਾਨ ਵਿਚਲੀ ਦੂਰੀ ਵਧੀ ਹੈ। ਭੀੜ ਵਧਣ ਦੇ ਬਾਵਜੂਦ ਹਰ ਇਨਸਾਨ ਇਕੱਲਾ ਹੈ। ਨਤੀਜੇ ਵਜੋਂ ਆਪਣੇ ਦੁੱਖ ਵੀ ਉਸ ਨੂੰ ਇਕੱਲੇ ਨੂੰ ਹੀ ਝੱਲਣੇ ਪੈਂਦੇ ਹਨ। ਇਨਸਾਨ ਨੂੰ ਜਦ ਇਨਸਾਨ ਦਾ ਸਹਾਰਾ ਨਹੀਂ ਰਿਹਾ, ਤਾਂ ਉਸ ਨੇ ਮਸਨੂਈ ਸਹਾਰੇ ਤਲਾਸ਼ਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਵਿਚ ਨਸ਼ੇ ਵੀ ਹਨ।

ਜਾਂ

ਪ੍ਰਸ਼ਨ 8. ਹੇਠ ਲਿਖੇ ਮੁਹਾਵਰਿਆਂ ਅਤੇ ਅਖਾਣਾਂ ਦੇ ਅਰਥ ਦੱਸ ਕੇ ਇਹਨਾਂ ਨੂੰ ਵਾਕਾਂ ਵਿਚ ਵਰਤੋ

ਮੁਹਾਵਰੇ ੳ. ਉੱਚਾ ਨੀਵਾਂ ਬੋਲਣਾ, ਅ. ਅੱਖ ਬਚਾਉਣੀ, ੲ. ਅੱਗ ਦੇ ਭਾਅ ਹੋਣਾ, ਸ ਅਲਫੋਂ ਬੇ ਨਾ ਕਹਿਣੀ, ਹ. ਇੱਜ਼ਤ ਨੂੰ ਵੱਟਾ ਲੱਗਣਾ,

ਅਖਾਣ ੳ. ਕਾਗਜ਼ਾਂ ਦੇ ਘੋੜੇ, ਕਦ ਤੱਕ ਦੌੜੇ, ਅ. ਕੁੱਕੜ ਖੇਹ ਉਡਾਈ, ਆਪਣੇ ਹੀ ਸਿਰ ਪਾਈ, ੲ. ਘੜੀ ਦਾ ਖੁਥਾ ਸੌ ਕੋਹ ਤੇ ਜਾ ਪੈਂਦਾ ਹੈ, ਸ. ਛੱਜ ਤਾਂ ਬੋਲੇ ਛਾਨਣੀ ਕਿਉਂ ਬੋਲੇ, ਹ. ਟੁੱਟੀਆਂ ਬਾਹਾਂ ਗਲ ਨੂੰ ਆਉਂਦੀਆਂ ਹਨ।

www.a2zpapers.com www.a2zpapers.com
Download free old Question papers gndu, ptu hp board, punjab board